# ਸਹਾਇਕ ਸਾਥੀ ਸੇਵਾਦਾਰ

ਜਿਵੇਂ ਜਿਵੇਂ ਪਰਚੇ ਦੀ ਗਿਣਤੀ ਵਿੱਚ ਵਾਧਾ ਹੋਇਆ, ਸੰਗਤਾਂ ਵਲੋਂ ਸੰਸਥਾ ਦਸਵੰਧ ਵਿੱਚ ਵੀ ਵਾਧਾ ਹੋਇਆ, ਟਾਈਪਿੰਗ, ਲੇਖਾ ਜੋਖਾ ਰੱਖਣ ਦੀ ਜਰੂਰਤ ਮਹਿਸੂਸ ਹੋਈ ਅਤੇ ਇਸ ਤਰ੍ਹਾਂ ਪ੍ਰਬੰਧਕੀ ਵੀਰਾਂ ਵਲੋਂ ਸਹਾਇਕ ਦੀ ਲੋੜ ਮਹਿਸੂਸ ਕੀਤੀ ਗਈ।



**ਬੀਬੀ ਬਲਵਿੰਦਰ ਕੌਰ :** ੧੯੯੨ ਵਿੱਚ ਬੀਬੀ ਬਲਵਿੰਦਰ ਕੌਰ ਨੂੰ ਬੱਝਵੀਂ ਮਾਇਕ ਸਹਾਇਤਾ ਤੇ, ਦਫ਼ਤਰ ਸਹਾਇਕ ਵਜੋਂ ਸੇਵਾਵਾਂ ਕਰਨ ਦੀ ਇਜਾਜ਼ਤ ਦਿੱਤੀ ਗਈ। ਇਹ ਸੇਵਾਵਾਂ ਆਪ ਜੀ ਨੇ ਬੜੀ ਤਨ ਦੇਹੀ ਨਾਲ ਨਿਭਾਈਆਂ। ਆਪ ਜੀ ਬੜੇ ਨਿਮਰ ਸੁਭਾਅ ਦੇ ਹਨ। ਆਪ ਜੀ ਦੇ ਇਸ ਸੁਭਾਅ ਸਦਕਾ ਪੱਤ੍ਰਿਕਾ ਦੇ ਪਾਠਕਾਂ ਵਿੱਚ ਬਹੁਤ ਵਾਧਾ ਹੋਇਆ। ਆਪ ਜੀ ਸੰਸਥਾ ਦੇ ਕਾਰਜ ਤੋਂ ੨੦੧੯ ਵਿੱਚ ਸੇਵਾ ਮੁਕਤ ਹੋਏ।



**ਸ. ਮਨਜੀਤ ਸਿੰਘ :** ਸ.ਮਨਜੀਤ ਸਿੰਘ ਵੀ ੧੯੯੫ ਵਿੱਚ ਸੰਸਥਾ ਦੀ ਸੇਵਾ ਵਿੱਚ ਆਏ ਅਤੇ ਗੁਰੂ ਕਿਰਪਾ ਸਦਕਾ ੭੦ ਸਾਲ ਦੀ ਆਯੂ ਵਿੱਚ ਵੀ ਸੰਸਥਾ ਦੀ ਸੇਵਾ ਵਿੱਚ ਤਤਪਰ ਹਨ। ਆਪ ਜੀ ਪੱਤ੍ਰਿਕਾ ਦੀ ਹੱਥੀ ਵੰਡ ਸੇਵਾ ਨਿਭਾਉਂਦੇ ਹਨ ਅਤੇ ਲੋੜ ਪੈਣ ਤੇ ਕੁਝ ਸਮਾਂ ਦਫਤਰ ਵਿੱਚ ਵੀ ਪੱਤ੍ਰਿਕਾ ਤਿਆਰ ਕਰਨ ਦੀ ਸੇਵਾ ਵਿੱਚ ਯੋਗਦਾਨ ਪਾਉਂਦੇ ਹਨ।

ਪੱਤ੍ਰਿਕਾ ਨੂੰ ਅਲੱਗ ਅਲੱਗ ਸ਼ਹਿਰਾਂ ਵਿੱਚ ਪਹੁੰਚਾਉਣ ਹਿਤ, ਡਾਕ ਘਰ ਪਹੁੰਚਾਉਣ ਦਾ ਸਾਰਾ ਕੰਮ ਦੂਸਰੇ ਸਾਥੀਆਂ ਮਿਲ ਕੇ ਸੰਪੂਰਨ ਕਰਦੇ ਹਨ। ਗੁਰਪੁਰਬਾਂ ਅਤੇ ਸਮੇਂ ਸਮੇਂ ਸੰਸਥਾ ਵੱਲੋਂ ਲਗਾਏ ਕਿਤਾਬਾਂ ਦੇ ਸਟਾਲ ਵਿੱਚ ਵੀ ਆਪ ਸਹਿਯੋਗੀ ਦੇ ਤੌਰ ਤੇ ਸੇਵਾਵਾਂ ਨਿਭਾਉਦੇ ਹਨ।

ਇਸ ਵਿੱਚ ਕੋਈ ਅਤਿ ਕਥਨੀ ਨਹੀਂ ਹੋਵੇਗੀ ਅਗਰ ਇਹ ਕਹੀਏ ਕਿ ਬਹੁਤ ਸਾਰੇ ਪਰਿਵਾਰ ਇਹਨਾਂ ਦੀਆਂ ਸੇਵਾਵਾਂ ਕਰਕੇ ਸੰਸਥਾ ਨਾਲ ਜੁੜੇ ਹਨ। ਮਨਜੀਤ

ਸਿੰਘ ਜੀ ਕਹਿੰਦੇ ਹਨ ਕਿ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਨਿਸ਼ਕਾਮ ਸੇਵਕ ਸਨ ਅਤੇ ਉਹਨਾਂ ਦੀਆਂ ਪੁਸਤਕਾਂ ਖਾਸ ਕਰਕੇ "ਆਤਮ ਪ੍ਰਕਾਸ਼" ਅਤੇ "ਨਾਮ ਸਾਧਨਾ" ਦਾ ਸੰਗਤਾਂ ਤੇ ਬਹੁਤ ਪ੍ਰਭਾਵ ਪਿਆ।



**ਸ.ਜਗਨੰਦਨ ਸਿੰਘ** : ਸ.ਜਗਨੰਦਨ ਸਿੰਘ ਜੀ ਅਪ੍ਰੈਲ-੧੯੯੯ ਵਿੱਚ ਸੰਸਥਾ ਵਿੱਚ ਮੁੱਖ ਤੌਰ ਤੇ ਪੱਤ੍ਰਿਕਾ ਦੇ ਲੇਖਾਂ ਦੀ ਕੰਪਿਊਟਰ- ਟਾਈਪਿੰਗ ਅਤੇ ਹੋਰ ਸਹਾਇਕ ਸੇਵਾਵਾਂ ਲਈ ਸਹਾਇਕ ਦੇ ਤੌਰ ਤੇ ਰੱਖੇ ਗਏ। ਪਰ ਆਪ ਜੀ ਦੱਸਦੇ ਹਨ ਕਿ ਆਪ ਜੀ ਲੋੜ ਪੈਣ ਤੇ ਸਭ ਕਾਰਜ ਕਰਦੇ ਸਨ ਜਿਵੇਂ ਕਿ ਪੱਤ੍ਰਿਕਾ ਦੀ ਤਿਆਰੀ, ਹੱਥੀਂ -ਵੰਡ ਸੇਵਾ, ਲੰਗਰ ਦੀ ਸੇਵਾ ਆਦਿਕ। ਆਪ ਜੀ ਦੱਸਦੇ ਹਨ ਕਿ ਸ.ਸਰਦਾਰਾ ਸਿੰਘ ਜੀ ਦਾ ਸਭ ਬਹੁਤ ਸਤਿਕਾਰ ਕਰਦੇ ਸਨ।

ਸ. ਜਗਨੰਦਨ ਸਿੰਘ ਜੀ ਦੱਸਦੇ ਹਨ ਕਿ ਇਕ ਸਮੇ ਉਹ ਸਰਦਾਰਾ ਸਿੰਘ ਜੀ ਅਤੇ ਗਿਆਨੀ ਸਵਿੰਦਰ ਸਿੰਘ ਜੀ ਨਾਲ ਕਾਰ ਵਿੱਚ ਕਿਸੇ ਸਮਾਗਮ ਦੇ ਸੰਬੰਧ ਵਿੱਚ ਸ੍ਰੀ ਫਤਿਹਗੜ੍ਹ ਸਾਹਿਬ ਜਾ ਰਹੇ ਸਨ। ਸ. ਸਰਦਾਰਾ ਸਿੰਘ ਜੀ ਨੇ ਅਸ਼ੀਰਵਾਦ ਦੇ ਰੂਪ ਵਿੱਚ ਕਿਹਾ ਕਿ ਇਹ ਜੋ ਤੂੰ ਸੇਵਾ ਕਰ ਰਿਹਾ ਹੈ ਇਸ ਦਾ ਫਲ ਜਲਦੀ ਹੀ ਤੈਨੂੰ ਮਿਲੇਗਾ। ਅਕਾਲ ਪੁਰਖ ਦੀ ਬਖਸ਼ਿਸ਼ ਹੋਈ, ਕਾਰ ਚਲਾਉਂਦੇ ਹੋਏ ਹੀ ਟੈਲੀਫ਼ੋਨ ਆਇਆ ਕਿ ਤੈਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੱਕੀ ਨੌਕਰੀ ਮਿਲ ਗਈ ਹੈ। ਮੇਰੀ ਸ਼ਰਧਾ ਅਤੇ ਸ. ਸਰਦਾਰਾ ਸਿੰਘ ਜੀ ਲਈ ਸਤਿਕਾਰ ਬਹੁਤ ਮਜ਼ਬੂਤ ਹੋਇਆ। ਸ.ਜਗਨੰਦਨ ਸਿੰਘ ਜੀ ਦੇ ਦੱਸਣ ਮੁਤਾਬਿਕ ਉਹਨਾਂ ਨੇ ਜਨਵਰੀ-੨੦੦੭ ਤੱਕ ਸੰਸਥਾ ਨੂੰ ਸੇਵਾਵਾਂ ਦਿੱਤੀਆਂ।

ਸ. ਜਗਨੰਦਨ ਸਿੰਘ ਜੀ ਹੁਣ ਬਾਬਾ ਬੰਦਾ ਬਹਾਦੁਰ ਐਨਜੀਨੀਅਰਿੰਗ ਕਾਲਜ, ਫਤਹਿਗੜ੍ਹ ਸਾਹਿਬ ਵਿੱਚ ਨੌਕਰੀ ਕਰ ਰਹੇ ਹਨ ਅਤੇ ਪੱਤ੍ਰਿਕਾ ਦੀ ਫਤਹਿਗੜ੍ਹ ਸਾਹਿਬ ਵਿੱਚ ਹੱਥੀਂ-ਵੰਡ ਸੇਵਾ ਕਰਦੇ ਹਨ।



**ਸ.ਮਨਿੰਦਰ ਸਿੰਘ** : ਸ. ਮਨਿੰਦਰ ਸਿੰਘ, ਕੁਰਾਲੀ ਜਿਲਾ ਮੋਹਾਲੀ ਦੇ ਰਹਿਣ ਵਾਲੇ ੩੮ ਸਾਲ ਦੇ ਨੌਜੁਆਨ ਹਨ।

ਮਾਰਚ-ਅਪ੍ਰੈਲ ੨੦੦੫ ਵਿੱਚ ਕੰਪਿਊਟਰ ਉਪਰੇਟਰ ਦੇ ਤੌਰ ਤੇ ਸੰਸਥਾ ਵਿੱਚ ਆਏ ਪਰ ਬੜੀ ਸੂਝ ਬੂਝ ਵਾਲੇ

ਨੌਜਵਾਨ ਹੋਣ ਕਰਕੇ ਕਈ ਕਿਸਮ ਦੇ ਪ੍ਰਬੰਧਕੀ ਕੰਮਾਂ ਵਿੱਚ ਯੋਗਦਾਨ ਪਾਉਂਦੇ ਹਨ। ਪੱਤ੍ਰਿਕਾ ਦੇ ਲੇਖਾਂ ਦੀ ਟਾਈਪਿੰਗ ਦਾ ਕੰਮ ਸਮੇਂ ਬੱਧ ਤਰੀਕੇ ਨਾਲ ਨਿਭਾਉਂਦੇ ਹਨ। ਸੰਸਥਾ ਵੱਲੋਂ ਜਾਂ ਸੇਵਾਦਾਰਾਂ ਵੱਲੋਂ ਲਿਖੀਆਂ ਪੁਸਤਕਾਂ ਦੀ ਟਾਈਪਿੰਗ ਦਾ ਕੰਮ ਮਨਿੰਦਰ ਸਿੰਘ ਬੜੀ ਦਿਲਚਸਪੀ ਨਾਲ ਕਰਦੇ ਹਨ।

ਸ. ਮਨਿੰਦਰ ਸਿੰਘ ਹਰ ਮਹੀਨੇ ਦੇ ਦੂਸਰੇ ਸਨੀਚਰਵਾਰ ਵਾਲੇ ਸਮਾਗਮ ਵਿੱਚ ਸਾਥੀਆਂ ਨਾਲ ਮਿਲਕੇ ਬੜੀ ਲਗਨ ਨਾਲ ਲੰਗਰ ਤਿਆਰ ਕਰਵਾ ਕੇ ਲੰਗਰ ਦੀ ਸੇਵਾ ਕਰਦੇ ਹਨ। ਸਮਾਂ ਮਿਲਣ ਤੇ ਪੱਤ੍ਰਿਕਾ ਦੀ ਹੱਥੀਂ-ਵੰਡ ਸੇਵਾ ਵੀ ਕਰਦੇ ਹਨ।

ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਲਈ ਲੋੜੀਂਦੀਆਂ ਸੇਵਾਵਾਂ ਬੜੀ ਜਿੰਮੇਂਵਾਰੀ ਨਾਲ ਨਿਭਾਉਂਦੇ ਹਨ।

ਲਗਾਤਾਰ ੧੨ ਸਾਲ ਮਨਿੰਦਰ ਸਿਘ ਨੇ ਸ. ਸਰਦਾਰਾ ਸਿੰਘ ਜੀ ਦੀਆਂ ਲਗਭਗ ਸਭ ਲੇਖਣੀਆਂ ਆਪਣੇ ਹੱਥੀਂ ਟਾਈਪ ਕਰਕੇ ਸੇਵਾ ਨਿਭਾਈ ਹੈ। ਜਿਸ ਦਾ ਲਾਭ ਆਪ ਜੀ ਦੀ ਨਿੱਘੀ ਸਖਸ਼ੀਅਤ ਅਤੇ ਨਿਮਰਤਾ ਵਾਲੇ ਸੁਭਾਉ ਵਿੱਚੋਂ ਝਲਕਦਾ ਹੈ। ਸ. ਕੁਲਬੀਰ ਸਿੰਘ ਜੀ ਨਾਲ ਵੀ ਆਪ ਜੀ ਦਾ ਚੰਗਾ ਸਨੇਹ ਹੈ ਜਿਸ ਨਾਲ ਪੱਤ੍ਰਿਕਾ ਦਾ ਕੰਮ ਬੜੇ ਸੁਚੱਜੇ ਢੰਗ ਨਾਲ ਸਮੇਂ-ਬੱਧ ਤਰੀਕੇ ਨਾਲ ਚੱਲ ਰਿਹਾ ਹੈ।

**ਸ. ਜਗਤਾਰ ਸਿੰਘ :** ਸ. ਜਗਤਾਰ ਸਿੰਘ ਜੋ ਐਸ ਵੇਲੇ ੫੨ ਸਾਲ ਦੀ ਆਯੂ ਵਿੱਚ ਹਨ ਪਿੰਡ ਕਲੌੜ (ਜਿਲ੍ਹਾ ਫਤਹਿਗੜ੍ਹ ਸਾਹਿਬ) ਦੇ ਰਹਿਣਵਾਲੇ ਹਨ, ਸੰਨ ੨੦੧੨ ਤੋਂ ਲਗਾਤਾਰ ਸਹਾਇਕ ਦੇ ਰੂਪ ਵਿੱਚ ਸੇਵਾ ਵਿੱਚ ਸਮਰਪਿਤ ਹਨ। ਆਪ ਜੀ ਹਰ ਸਾਲ ਹੇਮਕੁੰਟ ਸਾਹਿਬ ਜਾ ਕੇ, ਹੇਮਕੁੰਟ ਮੈਨੇਜਮੈਂਟ ਟ੍ਰਸਟ, ਕਾਨਪੁਰ ਵੱਲੋਂ ਸੇਵਾ ਨਿਭਾਉਂਦੇ ਸਨ।



ਸੰਨ ੨੦੧੧ ਵਿੱਚ ਸ. ਸਰਦਾਰਾ ਸਿੰਘ ਜੀ ਨੇ ਸ. ਜਗਤਾਰ ਸਿੰਘ ਨੂੰ ਕਿਹਾ ਕਿ ਗੁਰਬਾਣੀ ਚਾਨਣੁ ਸੰਸਥਾ ਦੀ ਸੇਵਾ ਕਰੋ। ਇਸ ਤਰ੍ਹਾਂ ਜਗਤਾਰ ਸਿੰਘ ਜੀ ਦਾ ਸੰਸਥਾ ਨਾਲ ਸੰਬੰਧ ਜੁੜ ਗਿਆ।

ਸ. ਜਗਤਾਰ ਸਿੰਘ ਪੱਤ੍ਰਿਕਾ ਦੀ ਹੱਥੀਂ ਵੰਡ ਸੇਵਾ ਕਰਦੇ ਹਨ, ਜਿੱਥੇ ਵੀ ਸੰਸਥਾ ਵੱਲੋਂ ਕਿਤਾਬਾਂ ਦਾ ਸਟਾਲ ਲਾਇਆ ਜਾਂਦਾ ਹੈ, ਆਪ ਜੀ ਸਟਾਲ ਦਾ ਸਾਰਾ ਪ੍ਰਬੰਧ ਦੇਖਦੇ ਹਨ, ਡਾਕ ਰਾਹੀਂ ਭੇਜੀ ਜਾ ਰਹੀ ਪੱਤ੍ਰਿਕਾ ਨੂੰ ਬੜੀ ਲਗਨ ਨਾਲ ਦੇ ਬੰਡਲ ਸੰਬੰਧਿਤ ਡਾਕਘਰ ਪਹੁੰਚਾਉਂਦੇ ਰਹੇ ਹਨ।